# *RACES-2019*

12 ਅਪ੍ਰੈਲ 2019 ਪੰਜਾਬੀ ਜਾਗਰਣ

# ਮੋਦੀ ਕਾਲਜ 'ਚ 10 ਰੋਜ਼ਾ ਕਾਨਫਰੰਸ ਸ਼ੁਰੂ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ਼ ਵਿਖੇ ਅੱਜ ਯੂ.ਜੀ.ਸੀ. ਦੇ ਸਹਿਯੋਗ ਨਾਲ 'ਰਸਾਇਣਕ ਅਤੇ ਵਾਤਾਵਰਨ ਵਿਗਿਆਨਾਂ ਵਿਚ ਉੱਭਰ ਰਹੇ ਨਵੇਂ ਰੁਝਾਨ' ਵਿਸ਼ੇ 'ਤੇ 10ਵੀਂ ਦੋ ਰੋਜਾ ਕਾਨਫਰੰਸ ਦਾ ਉਦਘਾਟਨ ਕੀਤਾ ਗਿਆ।

ਇਸ ਕਾਨਫਰੰਸ ਦੀ ਪ੍ਰਧਾਨਗੀ ਪਦਮ ਬਾਬਾ ਸੇਵਾ ਸਿੰਘ (ਵਾਤਵਰਨ ਪ੍ਰੇਮੀ ਅਤੇ ਸਮਾਜ ਸੁਧਾਰਕ) ਨੇ ਕੀਤੀ। ਇਸ ਮੌਕੇ ਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਚਰਨਜੀਤ ਸਿੰਘ, ਡਿਪਟੀ ਡਾਇਰੈਕਟਰ, ਪੰਜਾਬ ਪ੍ਰਦੂਸਨ ਬੋਰਡ ਨੇ ਸ਼ਿਰਕਤ ਕੀਤੀ ਅਤੇ ਵਿਸ਼ੇਸ਼ ਭਾਸਣ ਡਾ. ਸੁਸੀਲ ਮਿੱਤਲ, ਫੈਲੋ ਰਾਇਲ ਸੁਸਾਇਟੀ ਆਫ਼ ਕੈਮਿਸਟਰੀ, ਲੰਡਨ ਅਤੇ ਸੀਨੀਅਰ ਪ੍ਰੋਫੈਸਰ ਕੈਮਿਸਟਰੀ ਅਤੇ ਬਾਇਓਕੈਮਿਸਟਰੀ ਵਿਭਾਗ, ਥਾਪਰ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨੋਲੋਜੀ ਪਟਿਆਲਾ ਨੇ ਦਿੱਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸਵਿੰਦਰ ਕੁਮਾਰ ਨੇ ਕਿਹਾ ਕਿ ਵਿਕਾਸ ਦਾ ਮੌਜੂਦਾ ਮਾਡਲ ਮੁਨਾਫਾ ਅਧਾਰਿਤ ਤਕਨੀਕੀ ਤਰੱਕੀ ਅਤੇ ਕੁਦਰਤੀ ਸਾਧਨਾਂ ਦੀ ਅੰਧਾਧੁੰਦ ਵਰਤੋਂ ਤੇ ਆਧਾਰਿਤ ਹੈ। ਜਿਸ ਨਾਲ ਨਾ ਸਿਰਫ ਵਾਤਾਵਰਨ ਦਾ ਵੱਡੇ ਪੱਧਰ ਤੇ ਵਿਨਾਸ ਹੋਇਆ ਹੈ ਸਗੋਂ ਮਨੁੱਖੀ ਜੀਵਨ ਹਾਲਤਾਂ ਵਿਚ ਵੀ ਨਿਘਾਰ ਆਇਆ ਹੈ। ਇਸ ਮੌਕੇ ਡਾ. ਅਸਵਨੀ ਸਰਮਾ, ਡਾ. ਸੰਜੇ ਕੁਮਾਰ, ਡਾ. ਹਰਜਿੰਦਰ ਸਿੰਘ, ਡਾ. ਸੰਜੀਵ ਕੁਮਾਰ ਆਦਿ ਹਾਜ਼ਰ ਸਨ।



ਕਾਨਫਰੰਸ ਉਪਰੰਤ ਪੌਦਾ ਲਾਉਂਦੇ ਹੋਏ ਬਾਬਾ ਸੇਵਾ ਸਿੰਘ ਤੇ ਹੋਰ।

ਰੋਜ਼ਾਨਾ ਸਪੋਕਸਮੈਨ

# ਇਕ ਨਜ਼ਰ...

## ਮੋਦੀ ਕਾਲਜ ਵਿਚ ਕਾਨਫ਼ਰੰਸ ਦਾ ਆਗ਼ਾਜ਼



ਪਟਿਆਲਾ, 11 ਅਪ੍ਰੈਲ (ਗੁਰਪ੍ਰੀਤ ਸਿੰਘ ਆਲੋਵਾਲ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਅੱਜ ਯੂ.ਜੀ.ਸੀ. ਦੇ ਸਹਿਯੋਗ ਨਾਲ 'ਰਸਾਇਣਕ ਅਤੇ ਵਾਤਾਵਰਨ ਵਿਗਿਆਨਾਂ ਵਿੱਚ ਉੱਭਰ ਰਹੇ ਨਵੇਂ ਰੁਝਾਨ' ਵਿਸ਼ੇ ਤੇ 10ਵੀਂ ਦੋ ਰੋਜ਼ਾ ਕਾਨਫਰੰਸ ਦਾ ਉਦਘਾਟਨ ਕੀਤਾ ਗਿਆ। ਇਸ ਕਾਨਫਰੰਸ ਦੀ ਪ੍ਰਧਾਨਗੀ ਪਦਮ ਸ੍ਰੀ ਬਾਬਾ ਸੇਵਾ ਸਿੰਘ ਵਾਤਵਰਨ ਪ੍ਰੇਮੀ ਅਤੇ ਸਮਾਜ ਸੁਧਾਰਕ ਨੇ ਕੀਤੀ। ਇਸ ਮੌਕੇ ਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਚਰਨਜੀਤ ਸਿੰਘ, ਡਿਪਟੀ ਡਾਇਰੈਕਟਰ, ਪੰਜਾਬ ਪ੍ਰਦੂਸ਼ਨ ਬੋਰਡ ਨੇ ਸ਼ਿਰਕਤ ਕੀਤੀ ਅਤੇ ਵਿਸ਼ੇਸ਼ ਭਾਸ਼ਣ ਡਾ. ਸ਼ੁਸ਼ੀਲ ਮਿੱਤਲ, ਫੈਲੋ ਰਾਇਲ ਸੁਸਾਇਟੀ ਆਫ਼ ਕੈਮਿਸਟਰੀ, ਲੰਡਨ ਅਤੇ ਸੀਨੀਅਰ ਪ੍ਰੋਫੈਸਰ ਕੈਮਿਸਟਰੀ ਅਤੇ ਬਾਇਓਕੈਮਿਸਟਰੀ ਵਿਭਾਗ, ਥਾਪਰ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨੋਲੋਜੀ, ਪਟਿਆਲਾ ਨੇ ਦਿੱਤਾ। ਇਸ ਕਾਨਫਰੰਸ ਦੇ ਕਨਵੀਨਰ ਡਾ. ਰਾਜੀਵ ਸ਼ਰਮਾ ਨੇ ਇਸ ਮੌਕੇ ਤੇ ਕਾਨਫਰੰਸ ਦੇ ਉਦੇਸ਼ਾਂ ਅਤੇ ਮੁੱਖ ਵਿਸ਼ਿਆਂ ਨਾਲ ਜਾਣ-ਪਛਾਣ ਕਰਵਾਈ।

# ਮੋਦੀ ਕਾਲਜ ਵਿਖੇ 'ਰਸਾਇਣਿਕ ਤੇ ਵਾਤਾਵਰਨ ਵਿਗਿਆਨਾਂ ਵਿਚ ਉੱਭਰ ਰਹੇ ਰੁਝਾਨ' ਵਿਸ਼ੇ 'ਤੇ ਕੌਮੀ ਕਾਨਫ਼ਰੰਸ ਦਾ ਆਗਾਜ਼

ਪਟਿਆਲਾ, 11 ਅਪ੍ਰੈਲ (ਗੁਰਵਿੰਦਰ ਸਿੰਘ ਔਲਖ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਅੱਜ ਯੂ. ਜੀ. ਸੀ. ਦੇ ਸਹਿਯੋਗ ਨਾਲ 'ਰਸਾਇਣਿਕ ਤੇ ਵਾਤਾਵਰਨ ਵਿਗਿਆਨਾਂ ਵਿਚ ਉੱਭਰ ਰਹੇ ਨਵੇਂ ਰੁਝਾਨ' ਵਿਸ਼ੇ 'ਤੇ 10ਵੀਂ ਦੋ ਦਿਨਾ ਕਾਨਫ਼ਰੰਸ ਦਾ ਉਦਘਾਟਨ ਕੀਤਾ ਗਿਆ। ਇਸ ਕਾਨਫ਼ਰੰਸ ਦੀ ਪ੍ਰਧਾਨਗੀ ਬਾਬਾ ਸੇਵਾ ਸਿੰਘ ਵਾਤਾਵਰਨ ਪ੍ਰੇਮੀ ਅਤੇ ਸਮਾਜ ਸੁਧਾਰਕ ਨੇ ਕੀਤੀ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਚਰਨਜੀਤ ਸਿੰਘ, ਡਿਪਟੀ ਡਾਇਰੈਕਟਰ, ਪੰਜਾਬ ਪ੍ਰਦੂਸ਼ਣ ਬੋਰਡ ਨੇ ਸ਼ਿਰਕਤ ਕੀਤੀ ਅਤੇ ਵਿਸ਼ੇਸ਼ ਭਾਸ਼ਣ ਸੁਸ਼ੀਲ ਮਿੱਤਲ, ਫੈਲੋ ਰਾਇਲ ਸੁਸਾਇਟੀ ਆਫ਼ ਕੈਮਿਸਟਰੀ, ਲੰਡਨ ਅਤੇ ਸੀਨੀਅਰ ਪ੍ਰੋਫੈਸਰ ਕੈਮਿਸਟਰੀ ਅਤੇ ਬਾਇਓ ਕੈਮਿਸਟਰੀ ਵਿਭਾਗ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਨੇ ਦਿੱਤਾ। ਇਸ ਕਾਨਫ਼ਰੰਸ ਦੇ ਕਨਵੀਨਰ ਡਾ. ਰਾਜੀਵ ਸ਼ਰਮਾ ਨੇ ਇਸ ਮੌਕੇ ਕਾਨਫ਼ਰੰਸ ਦੇ ਉਦੇਸ਼ਾਂ ਅਤੇ ਮੁੱਖ ਵਿਸ਼ਿਆਂ ਨਾਲ ਜਾਣ ਪਛਾਣ ਕਰਵਾਈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਕਿਹਾ ਕਿ ਵਿਕਾਸ ਦਾ ਮੌਜੂਦਾ ਮਾਡਲ ਮੁਨਾਫ਼ਾ ਆਧਾਰਿਤ ਤਕਨੀਕੀ ਤਰੱਕੀ ਅਤੇ ਕੁਦਰਤੀ ਸਾਧਨਾਂ ਦੀ ਅੰਧਾਧੁੰਦ ਵਰਤੋਂ ਤੇ ਆਧਾਰਿਤ ਹੈ ਜਿਸ ਨਾਲ ਨਾ ਸਿਰਫ਼ ਵਾਤਾਵਰਨ ਦਾ ਵੱਡੇ ਪੱਧਰ 'ਤੇ ਵਿਨਾਸ਼ ਹੋਇਆ ਹੈ ਸਗੋਂ ਮਨੁੱਖੀ ਜੀਵਨ ਹਾਲਤਾਂ ਵਿੱਚ ਵੀ ਨਿਘਾਰ ਆਇਆ ਹੈ। ਇਸ ਮੌਕੇ ਬਾਬਾ ਸੇਵਾ ਸਿੰਘ ਨੇ ਕਾਨਫ਼ਰੰਸ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਮਨੁੱਖ ਦੇ ਤੌਰ ਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਕੁਦਰਤੀ ਨਿਆਮਤਾਂ ਦੀ ਸੁਚੱਜੀ ਸਾਂਭ ਸੰਭਾਲ ਕਰੀਏ ਇਹ ਹੀ 'ਸੇਵਾ' ਦਾ ਮੂਲ ਮੰਤਰ ਅਤੇ ਸਾਰੇ ਧਰਮਾਂ ਦਾ ਮੂਲ ਤੱਤ ਹੈ। ਡਾ. ਸੰਜੀਵ ਸ਼ਰਮਾ, ਕਾਨਫਰੰਸ ਸਕੱਤਰ ਨੇ ਇਸ ਮੌਕੇ ਤੇ ਦੱਸਿਆ ਕਿ ਇਸ ਕਾਨਫਰੰਸ ਵਿਚ ਸਵੀਡਨ, ਇਟਲੀ ਅਤੇ ਭਾਰਤ ਦੇ ਅੱਠ ਪ੍ਰਾਂਤਾਂ ਅਤੇ ਦੋ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਤੋਂ 180 ਡੈਲੀਗੇਟਸ ਹਿੱਸਾ ਲੈ ਰਹੇ ਹਨ ਅਤੇ 210 ਐਬਸਟ੍ਰੈਕਟ ਅਤੇ ਖੋਜਪੱਤਰ ਪ੍ਰਾਪਤ ਹੋਏ ਹਨ। ਇਸ ਮੌਕੇ ਪ੍ਰੋ. ਸੁਰਿੰਦਰ ਲਾਲ, ਮੈਂਬਰ ਮੋਦੀ ਐਜੂਕੇਸ਼ਨ ਸੁਸਾਇਟੀ ਨੇ ਕਿਹਾ ਕਿ ਇਸ ਕਾਨਫਰੰਸ ਨੇ ਨਵੇਂ ਵਿਗਿਆਨਕਾਂ ਅਤੇ ਖੋਜਾਰਥੀਆਂ ਨੂੰ ਆਪਣੀਆਂ ਖੋਜਾਂ ਬਾਰੇ ਸੰਵਾਦ ਰਚਾਉਣ ਦਾ ਮੌਕਾ ਦਿੱਤਾ ਹੈ। ਇਸ ਕਾਨਫਰੰਸ ਨੂੰ ਸੰਚਾਲਿਤ ਕਰਨ ਵਿਚ ਡਾ. ਅਸ਼ਵਨੀ ਸ਼ਰਮਾ ਅਤੇ ਡਾ. ਸੰਜੇ ਕੁਮਾਰ ਦੀ ਕੋਆਰਡੀਨੇਟਰ ਵਜੋਂ ਅਹਿਮ ਭੂਮਿਕਾ ਰਹੀ, ਜਦ ਕਿ ਡਾ. ਹਰਜਿੰਦਰ ਸਿੰਘ ਅਤੇ ਡਾ. ਸੰਜੀਵ ਕੁਮਾਰ ਦਾ ਪ੍ਰਬੰਧਕੀ ਸਕੱਤਰਾਂ ਵਜੋਂ ਵੱਡਮੁੱਲਾ ਯੋਗਦਾਨ ਰਿਹਾ।



**ਮੋਦੀ ਕਾਲਜ ਵਿਖੇ ਬਾਬਾ ਸੇਵਾ ਸਿੰਘ ਵਾਤਾਵਰਨ ਪ੍ਰੇਮੀ ਅਤੇ ਸਮਾਜ ਸੁਧਾਰਕ ਅਤੇ ਕਾਲਜ ਸਟਾਫ ਬੂਟੇ ਲਗਾਉਂਦੇ ਹੋਏ।** ਅਜੀਤ ਤਸਵੀਰ

दैनिक सवेरा टाइम्स

# रासायनिक और वातावरण विज्ञानों में उभर रहे नए रुझान विषय पर राष्ट्रीय कांफ्रेंस संपन्न



राष्ट्रीय कांफ्रेंस का समापन समारोह का दृश्य।

पटियाला (बलविन्द्र): मोदी कालेज, पटियाला में आज यू.जी.सी. के सहयोग के साथ करवाई जा रही रासायनिक और वातावरण विज्ञानों में उभर रहे नए रुझान विषय पर 10वीं दो दिवसीय कांफ्रेंस आज समाप्त हो गई। कांफ्रेंस के समाप्ति समारोह की अध्यक्षता डा. बी.एस. घुम्मन, वाइस चांसलर पंजाबी यूनिवर्सिटी पटियाला ने की। उन्होंने कालेज को ऐसी अंतर विषय कांफ्रेंस आयोजित करने पर बधाई दी। उन्होंने कहा कि वैज्ञानिक खोज का मूल मंतव सिर्फ अकादमिक हलकों में प्रकाशित होने तक सीमित नहीं होना चाहिए, बल्कि इसको समाज के पिछड़े और अणगौले वर्गों की जिंदगी में गुणात्मक तबदीली लाने की तरफ सेधित होना चाहिए। इस मौके विशेष मेहमान के तौर पर प्रो. प्रितपाल सिंह, वाइस चांसलर श्री गुरु ग्रंथ साहिब वर्ल्ड यूनिवर्सिटी, फतेहगढ़ साहिब ने शिरकत की। प्रिंसीपल डा. खुशविन्दर कुमार ने मुख्य मेहमान और विशेष मेहमान का स्वागत किया। कांफ्रेंस दौरान करवाए गए खोज आधारित पोस्टर प्रदर्शनी मुकाबलों में पहला ईनाम ग[illegible]नदीप कौर (एन.आई.टी., जालंधर) ने जीते, जबकि दूसरा इनाम सांझे तौर पर हरप्रीत सिंह, पलविन्दर सिंह, अक्षय कुमार और अनूप ठाकुर (पंजाबी यूनिवर्सिटी, पटियाला) और शुभम बांसल (मुलतानी मोदी कालेज, पटियाला) ने जीते। इस श्रेणी में तीसरा इनाम कटल (एन.आई.टी., जालंधर) ने प्राप्त किया।

# RUMINATIONS: A BOOK OF REVIEWS RELEASED

ਅਜੀਤ

# ਮੋਦੀ ਕਾਲਜ ਵਿਖੇ ਪੁਸਤਕਾਂ ਦੇ ਰਿਵਿਊਜ਼ ਤੇ ਆਧਾਰਿਤ ਪੁਸਤਕ 'ਰਿਊਮੀਨਸ਼ੇਨਜ਼' ਜਾਰੀ

ਪਟਿਆਲਾ, 23 ਅਪ੍ਰੈਲ (ਗੁਰਵਿੰਦਰ ਸਿੰਘ ਔਲਖ)-ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਅੱਜ 'ਅੰਤਰਰਾਸ਼ਟਰੀ ਪੁਸਤਕ ਦਿਨ' ਦੇ ਸੰਦਰਭ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਵਲੋਂ ਕੀਤੇ ਗਏ ਵੱਖੋ ਵੱਖਰੀਆਂ ਕਿਤਾਬਾਂ ਦੇ ਰਿਵਿਊਜ ਤੇ ਆਧਾਰਿਤ ਪੁਸਤਕ 'ਰਿਊਮੀਨੇਸ਼ਨ' ਨੂੰ ਜਾਰੀ ਕੀਤਾ ਗਿਆ। ਇਸ ਪੁਸਤਕ ਨੂੰ ਰਸਮੀ ਤੌਰ 'ਤੇ ਸ੍ਰੀ ਅਰਪਿਤ ਗੁਪਤਾ ਨੇ ਜਾਰੀ ਕੀਤਾ, ਜਿਨ੍ਹਾਂ ਨੇ ਪਿਛਲੇ ਦਿਨੀਂ ਸਿਵਲ ਸਰਵਿਸਿਜ਼ ਵਿਚ ਸਫਲਤਾ ਪ੍ਰਾਪਤ ਕੀਤੀ ਹੈ ਅਤੇ ਜੋ ਮੋਦੀ ਕਾਲਜ ਦੇ ਸਾਬਕਾ ਵਿਦਿਆਰਥੀ ਵੀ ਹਨ, ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਅਜੈਵੀਰ ਸਿੰਘ ਸਰਾਉ, ਡਿਪਟੀ ਡਾਇਰੈਕਟਰ, ਡਿਪਾਰਟਮੈਂਟ ਆਫ਼ ਫੂਡ ਐਂਡ ਸਿਵਲ ਸਪਲਾਈਜ਼, ਗੌਰਮਿੰਟ ਆਫ਼ ਪੰਜਾਬ ਨੇ ਵੀ ਸ਼ਿਰਕਤ ਕੀਤੀ। ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਬਲਜਿੰਦਰ ਕੌਰ ਨੇ ਇਸ ਮੌਕੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨਾਲ ਰਸਮੀ ਜਾਣ ਪਛਾਣ ਕਰਵਾਈ। ਕਾਲਜ ਪ੍ਰਿੰਸੀਪਲ ਡਾ.ਖੁਸ਼ਵਿੰਦਰ ਕੁਮਾਰ ਨੇ ਸੰਪਾਦਕੀ ਮੰਡਲ ਨੂੰ ਪੁਸਤਕ ਦੀ ਦਿੱਖ ਅਤੇ ਸਮੱਗਰੀ ਲਈ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਦੇ ਸੰਪਾਦਕੀ ਮੰਡਲ ਸਾਹਮਣੇ ਇਕ ਮੁੱਖ ਉਦੇਸ਼ ਇਸ ਪੁਸਤਕ ਰਾਹੀਂ ਦਰਸ਼ਨ ਵਿਗਿਆਨ, ਸਾਇੰਸ, ਆਰਟਸ, ਮੈਨੇਜਮੈਂਟ, ਕੰਪਿਊਟਰ ਅਤੇ ਕਾਮਰਸ ਦੇ ਖੇਤਰਾਂ ਦੀਆਂ ਚੁਣੀਦਾ ਪੁਸਤਕਾਂ ਲਈ ਪੜ੍ਹਨ ਦੀ ਲਲਕ ਪੈਦਾ ਕਰਨਾ ਸੀ। ਅਰਪਿਤ ਗੁਪਤਾ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਮੋਦੀ ਕਾਲਜ ਦੇ ਵਿੱਦਿਅਕ ਢਾਂਚੇ ਅਤੇ ਮਿਆਰੀ ਵਿੱਦਿਅਕ ਪਰੰਪਰਾਵਾਂ ਦੀ ਤਾਰੀਫ਼ ਕੀਤੀ। ਇਸ ਮੌਕੇ ਤੇ ਧੰਨਵਾਦ ਦਾ ਮਤਾ ਡਾ. ਗੁਰਦੀਪ ਸਿੰਘ, ਮੁਖੀ, ਪੰਜਾਬੀ ਵਿਭਾਗ ਵਲੋਂ ਪੇਸ਼ ਕੀਤਾ ਗਿਆ। ਸਟੇਜ ਸੰਚਾਲਣ ਦੀ ਜਿਮੇਵਾਰੀ ਡਾ. ਸ਼ਿਖਾ, ਅੰਗਰੇਜੀ ਵਿਭਾਗ ਨੇ ਅਦਾ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਬਿਨਾਂ ਕਾਲਜ ਰਜਿਸਟਰਾਰ ਡਾ. ਅਜੀਤ ਕੁਮਾਰ, ਡਾ. ਗਣੇਸ਼ ਸੇਠੀ ਅਤੇ ਡਾ. ਸ਼ਰਮਾ ਨੇ ਵੀ ਸਮਾਗਮ ਵਿਚ ਸਮੂਲੀਅਤ ਕੀਤੀ।



ਮੋਦੀ ਕਾਲਜ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼। ਅਜੀਤ ਤਸਵੀਰ

# ਮੋਦੀ ਕਾਲਜ ਵਿਖੇ ਪੁਸਤਕ 'ਰਿਊਮੀਨੇਸ਼ਨਜ਼' ਰਿਲੀਜ਼



ਪਟਿਆਲਾ, 23 ਅਪ੍ਰੈਲ (ਚ.ਨ.ਸ.) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਅੱਜ 'ਅੰਤਰਰਾਸ਼ਟਰੀ ਪੁਸਤਕ ਦਿਨ' ਦੇ ਸੰਦਰਭ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਵੱਖੋ-ਵੱਖਰੀਆਂ ਕਿਤਾਬਾਂ ਦੇ ਰਿਵਿਊਜ਼ 'ਤੇ ਆਧਾਰਿਤ ਪੁਸਤਕ 'ਰਿਊਮੀਨੇਸ਼ਨਜ਼' ਨੂੰ ਰਿਲੀਜ਼ ਕੀਤਾ ਗਿਆ। ਇਸ ਪੁਸਤਕ ਨੂੰ ਰਸਮੀ ਤੌਰ 'ਤੇ ਰਿਲੀਜ਼ ਕਰਨ ਦੀ ਕਾਰਵਾਈ ਸ੍ਰੀ ਅਰਪਿਤ ਗੁਪਤਾ, ਜਿਨ੍ਹਾਂ ਨੇ ਪਿਛਲੇ ਦਿਨੀਂ ਸਿਵਲ ਸਰਵਿਸਿਜ਼ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ ਅਤੇ ਜੋ ਮੋਦੀ ਕਾਲਜ ਦੇ ਸਾਬਕਾ ਵਿਦਿਆਰਥੀ ਵੀ ਹਨ ਨੇ ਅਦਾ ਕੀਤੀ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਅਜੇਵੀਰ ਸਿੰਘ ਸਰਾਓ, ਡਿਪਟੀ ਡਾਇਰੈਕਟਰ, ਡਿਪਾਰਟਮੈਂਟ ਆਫ਼ ਫੂਡ ਐਂਡ ਸਿਵਲ ਸਪਲਾਈਜ਼, ਗੌਰਮਿੰਟ ਆਫ਼ ਪੰਜਾਬ ਨੇ ਵੀ ਸ਼ਿਰਕਤ ਕੀਤੀ। ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਬਲਜਿੰਦਰ ਕੌਰ ਨੇ ਇਸ ਮੌਕੇ 'ਤੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨਾਲ ਰਸਮੀ ਜਾਣ-ਪਛਾਣ ਕਰਵਾਈ ਅਤੇ ਦੱਸਿਆ ਕਿ ਇਹ ਪੁਸਤਕ ਮੌਜੂਦਾ ਦੌਰ ਵਿੱਚ ਛਪਕੇ ਆਈਆਂ ਉੱਚ-ਮਿਆਰੀ ਅਤੇ ਵਿਚਾਰ-ਉਤੇਜਕ ਪੁਸਤਕਾਂ ਨਾਲ ਵਿਦਿਆਰਥੀਆਂ ਦੀ ਸਾਂਝ ਪਵਾਉਣ ਵੱਲ ਸੇਧਿਤ ਹੈ। ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਮਿਆਰੀ ਪੁਸਤਕਾਂ ਪੜ੍ਹਨ ਅਤੇ ਉਨ੍ਹਾਂ ਨੂੰ ਗਹਿਰਾਈ ਨਾਲ ਵਾਂਚਨ ਦੀ ਸਿਹਤਮੰਦ ਆਦਤ ਦਾ ਵਿਕਾਸ ਕਰਨਾ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਸੰਪਾਦਕੀ ਮੰਡਲ ਨੂੰ ਪੁਸਤਕ ਦੀ ਦਿੱਖ ਅਤੇ ਸਮੱਗਰੀ ਲਈ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਦੇ ਸੰਪਾਦਕੀ ਮੰਡਲ ਸਾਹਮਣੇ ਇੱਕ ਮੁੱਖ ਉਦੇਸ਼ ਇਸ ਪੁਸਤਕ ਰਾਹੀਂ ਦਰਸ਼ਨ ਵਿਗਿਆਨ, ਸਾਇੰਸ, ਆਰਟਸ, ਮੈਨੇਜਮੈਂਟ, ਕੰਪਿਊਟਰ ਅਤੇ ਕਾਮਰਸ ਦੇ ਖੇਤਰਾਂ ਦੀਆਂ ਚੁਣਿੰਦਾ ਪੁਸਤਕਾਂ ਲਈ ਪੜ੍ਹਨ ਦੀ ਲਲਕ ਪੈਦਾ ਕਰਨਾ ਸੀ। ਅਰਪਿਤ ਗੁਪਤਾ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਮੋਦੀ ਕਾਲਜ ਦੇ ਵਿਦਿਅਕ ਢਾਂਚੇ ਅਤੇ ਮਿਆਰੀ ਵਿਦਿਅਕ ਪ੍ਰੰਪਰਾਵਾਂ ਦੀ ਤਾਰੀਫ਼ ਕੀਤੀ। ਉਨ੍ਹਾਂ ਨੇ ਇਸ ਮੌਕੇ 'ਤੇ ਸਿਵਲ ਸਰਵਿਸਿਜ਼ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਬਹੁਤ ਸਾਰੇ ਨੁਕਤੇ ਵੀ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਇਆ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਵਜੋਂ ਬੋਲਦਿਆਂ ਸ੍ਰੀ ਅਜੇਵੀਰ ਸਿੰਘ ਸਰਾਓ ਨੇ ਵਿਦਿਆਰਥੀਆਂ ਨੂੰ ਆਪਣੇ ਮਿੱਥੇ ਟੀਚੇ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਅਤੇ ਆਪਣੇ ਮਾਰਗ 'ਤੇ ਅਡਿੱਗ ਰਹਿਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਪੁਸਤਕ ਲਈ ਸੰਪਾਦਕੀ ਮੰਡਲ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਧੰਨਵਾਦ ਦਾ ਮਤਾ ਡਾ. ਗੁਰਦੀਪ ਸਿੰਘ, ਮੁਖੀ, ਪੰਜਾਬੀ ਵਿਭਾਗ ਵੱਲੋਂ ਪੇਸ਼ ਕੀਤਾ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਡਾ. ਸ਼ਿਖਾ, ਅੰਗਰੇਜ਼ੀ ਵਿਭਾਗ ਨੇ ਅਦਾ ਕੀਤੀ। ਇਸ ਮੌਕੇ 'ਤੇ ਵੱਡੀ ਗਿਣਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਬਿਨਾਂ ਕਾਲਜ ਰਜਿਸਟਰਾਰ ਡਾ. ਅਜੀਤ ਕੁਮਾਰ, ਡਾ. ਗਣੇਸ਼ ਸੇਠੀ ਅਤੇ ਡਾ. ਹਰਮੋਹਨ ਸ਼ਰਮਾ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

ਪੰਜਾਬੀ ਜਾਗਰਣ ਜਲੰਧਰ 23 ਅਪ੍ਰੈਲ 2019



## ਇਕੱਤਰਤਾ

[redacted]।

दैनिक जागरण लुधियाना/पटियाला, 23 अप्रैल 2019

## पुस्तक रियूमिनेशनज रिलीज



**जेएनएन, पटियाला** : यहां मोदी कॉलेज पटियाला में आज अंतरराष्ट्रीय पुस्तक दिन के संदर्भ में अध्यापकों और विद्यार्थियों की तरफ से किए गए अलग -अलग किताबों के रिव्यूज पर आधारित पुस्तक रियूमिनेशनज को रिलीज किया गया। इस पुस्तक को रस्मी तौर पर रिलीज करने की कार्रवाई अर्पित गुप्ता ने अदा की।

ਪੰਜਾਬੀ ਟ੍ਰਿਬਿਊਨ, ਮੰਗਲਵਾਰ, 23 ਅਪਰੈਲ 2019

# ਮੋਦੀ ਕਾਲਜ ਵਿੱਚ ਪੁਸਤਕ 'ਰਿਊਮੀਨੇਸ਼ਨਜ਼' ਰਿਲੀਜ਼



**ਪੁਸਤਕ ਰਿਲੀਜ਼ ਕਰਦੇ ਹੋਏ ਪਤਵੰਤੇ ਤੇ ਕਾਲਜ ਪ੍ਰਬੰਧਕ।** -ਫੋਟੋ: ਭਿੰਡਰ

**ਪਟਿਆਲਾ:** ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ 'ਚ ਅੱਜ 'ਅੰਤਰਰਾਸ਼ਟਰੀ ਪੁਸਤਕ ਦਿਨ' ਦੇ ਸੰਦਰਭ 'ਚ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਕੀਤੇ ਵੱਖੋ-ਵੱਖਰੀਆਂ ਕਿਤਾਬਾਂ ਦੇ ਰਿਵਿਊਜ਼ 'ਤੇ ਆਧਾਰਤ ਪੁਸਤਕ 'ਰਿਊਮੀਨੇਸ਼ਨਜ਼' ਨੂੰ ਰਿਲੀਜ਼ ਕੀਤਾ ਗਿਆ। ਇਸ ਪੁਸਤਕ ਨੂੰ ਰਸਮੀ ਤੌਰ 'ਤੇ ਰਿਲੀਜ਼ ਕਰਨ ਦੀ ਕਾਰਵਾਈ ਅਰਪਿਤ ਗੁਪਤਾ, ਜਿਨ੍ਹਾਂ ਪਿਛਲੇ ਦਿਨੀ ਸਿਵਲ ਸਰਵਿਸਿਜ਼ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ ਤੇ ਜੋ ਮੋਦੀ ਕਾਲਜ ਦੇ ਸਾਬਕਾ ਵਿਦਿਆਰਥੀ ਹਨ, ਨੇ ਅਦਾ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਅਜੇਵੀਰ ਸਿੰਘ ਸਰਾਉ, ਡਿਪਟੀ ਡਾਇਰੈਕਟਰ, ਡਿਪਾਰਟਮੈਂਟ ਆਫ਼ ਫੂਡ ਐਂਡ ਸਿਵਲ ਸਪਲਾਈਜ਼, ਗੌਰਮਿੰਟ ਆਫ਼ ਪੰਜਾਬ ਨੇ ਵੀ ਸ਼ਿਰਕਤ ਕੀਤੀ। ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਬਲਜਿੰਦਰ ਕੌਰ ਨੇ ਇਸ ਮੌਕੇ ਤੇ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਨਾਲ ਰਸਮੀ ਜਾਣ-ਪਛਾਣ ਕਰਵਾਈ ਤੇ ਦੱਸਿਆ ਕਿ ਇਹ ਪੁਸਤਕ ਮੌਜੂਦਾ ਦੌਰ 'ਚ ਛਪ ਕੇ ਆਈਆਂ ਉੱਚ-ਮਿਆਰੀ ਤੇ ਵਿਚਾਰ-ਉਤੇਜਕ ਪੁਸਤਕਾਂ ਨਾਲ ਵਿਦਿਆਰਥੀਆਂ ਦੀ ਸਾਂਝ ਪਵਾਉਣ ਵੱਲ ਸੇਧਿਤ ਹੈ।

**-ਨਿੱਜੀ ਪੱਤਰ ਪ੍ਰੇਰਕ**

ਰੋਜ਼ਾਨਾ ਸਪੋਕਸਮੈਨ

# ਮੋਦੀ ਕਾਲਜ ਵਿਖੇ ਪੁਸਤਕਾਂ ਦੇ ਰਿਵਿਊਜ਼ 'ਤੇ ਅਧਾਰਤ ਪੁਸਤਕ 'ਰਿਊਮੀਨੇਸ਼ਨਜ਼' ਰਿਲੀਜ਼



ਪਟਿਆਲਾ, 22 ਅਪ੍ਰੈਲ (ਗੁਰਪ੍ਰੀਤ ਸਿੰਘ ਆਲੋਵਾਲ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਅੱਜ 'ਅੰਤਰਰਾਸ਼ਟਰੀ ਪੁਸਤਕ ਦਿਨ' ਦੇ ਸੰਦਰਭ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਵੱਖੋ-ਵੱਖਰੀਆਂ ਕਿਤਾਬਾਂ ਦੇ ਰਿਵਿਊਜ਼ ਤੇ ਆਧਾਰਿਤ ਪੁਸਤਕ 'ਰਿਊਮੀਨੇਸ਼ਨਜ਼' ਨੂੰ ਰਿਲੀਜ਼ ਕੀਤਾ ਗਿਆ। ਇਸ ਪੁਸਤਕ ਨੂੰ ਰਸਮੀ ਤੌਰ ਤੇ ਰਿਲੀਜ਼ ਕਰਨ ਦੀ ਕਾਰਵਾਈ ਸ੍ਰੀ ਅਰਪਿਤ ਗੁਪਤਾ, ਜਿਨ੍ਹਾਂ ਨੇ ਪਿਛਲੇ ਦਿਨੀ ਸਿਵਲ ਸਰਵਿਸਿਜ਼ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ ਅਤੇ ਜੋ ਮੋਦੀ ਕਾਲਜ ਦੇ ਸਾਬਕਾ ਵਿਦਿਆਰਥੀ ਵੀ ਹਨ, ਨੇ ਅਦਾ ਕੀਤੀ।

ਇਸ ਮੌਕੇ ਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਅਜੇਵੀਰ ਸਿੰਘ ਸਰਾਉ, ਡਿਪਟੀ ਡਾਇਰੈਕਟਰ, ਡਿਪਾਰਟਮੈਂਟ ਆਫ਼ ਫੂਡ ਐਂਡ ਸਿਵਲ ਸਪਲਾਈਜ਼, ਗੌਰਮਿੰਟ ਆਫ਼ ਪੰਜਾਬ ਨੇ ਵੀ ਸ਼ਿਰਕਤ ਕੀਤੀ। ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਬਲਜਿੰਦਰ ਕੌਰ ਨੇ ਇਸ ਮੌਕੇ ਤੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨਾਲ ਰਸਮੀ ਜਾਣ-ਪਛਾਣ ਕਰਵਾਈ ਅਤੇ ਦੱਸਿਆ ਕਿ ਇਹ ਪੁਸਤਕ ਮੌਜੂਦਾ ਦੌਰ ਵਿੱਚ ਛਪਕੇ ਆਈਆਂ ਉੱਚ-ਮਿਆਰੀ ਅਤੇ ਵਿਚਾਰ-ਉਤੇਜਕ ਪੁਸਤਕਾਂ ਨਾਲ ਵਿਦਿਆਰਥੀਆਂ ਦੀ ਸਾਂਝ ਪਵਾਉਣ ਵੱਲ ਸੇਧਿਤ ਹੈ ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਮਿਆਰੀ ਪੁਸਤਕਾਂ ਪੜ੍ਹਣ ਅਤੇ ਉਨ੍ਹਾਂ ਨੂੰ ਗਹਿਰਾਈ ਨਾਲ ਵਾਂਚਨ ਦੀ ਸਿਹਤਮੰਦ ਆਦਤ ਦਾ ਵਿਕਾਸ ਕਰਨਾ ਹੈ।

ਪਟਿਆਲਾ ਬਾਣੀ

# ਪੁਸਤਕਾਂ ਦੇ ਰੀਵਿਊਜ਼ 'ਤੇ ਆਧਾਰਤ ਪੁਸਤਕ 'ਰਿਊਮੀਨੇਸ਼ਨਜ਼' ਰੀਲੀਜ਼



*ਪੁਸਤਕ 'ਰਿਊਮੀਨੇਸ਼ਨਜ਼' ਨੂੰ ਰਿਲੀਜ਼ ਕਰਦੇ ਕਾਲਜ ਦੇ ਪ੍ਰਬੰਧਕ।* (ਸੁਖਵਿੰਦਰ)

ਪਟਿਆਲਾ, 22 ਅਪ੍ਰੈਲ (ਜੋਸਨ, ਰਾਣਾ)-ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਅੱਜ 'ਅੰਤਰਰਾਸ਼ਟਰੀ ਪੁਸਤਕ ਦਿਨ' ਦੇ ਸੰਦਰਭ 'ਚ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਵੱਖ-ਵੱਖ ਕਿਤਾਬਾਂ ਦੇ ਰਿਵਿਊਜ਼ ਤੇ ਆਧਾਰਤ ਪੁਸਤਕ 'ਰਿਊਮੀਨੇਸ਼ਨਜ਼' ਨੂੰ ਰੀਲੀਜ਼ ਕੀਤਾ ਗਿਆ। ਇਸ ਪੁਸਤਕ ਨੂੰ ਰਸਮੀ ਤੌਰ 'ਤੇ ਰੀਲੀਜ਼ ਕਰਨ ਦੀ ਕਾਰਵਾਈ ਅਰਪਿਤ ਗੁਪਤਾ, ਜਿਨ੍ਹਾਂ ਨੇ ਪਿਛਲੇ ਦਿਨੀਂ ਸਿਵਲ ਸਰਵਿਸਜ਼ 'ਚ ਸਫ਼ਲਤਾ ਪ੍ਰਾਪਤ ਕੀਤੀ ਹੈ ਅਤੇ ਜੋ ਮੋਦੀ ਕਾਲਜ ਦੇ ਸਾਬਕਾ ਵਿਦਿਆਰਥੀ ਵੀ ਹਨ, ਨੇ ਅਦਾ ਕੀਤੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਅਜੇਵੀਰ ਸਿੰਘ ਸਰਾਓ ਡਿਪਟੀ ਡਾਇਰੈਕਟਰ ਡਿਪਾਰਟਮੈਂਟ ਆਫ਼ ਫੂਡ ਐਂਡ ਸਿਵਲ ਸਪਲਾਈਜ਼ ਗੌਰਮਿੰਟ ਆਫ਼ ਪੰਜਾਬ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾਂ. ਖੁਸ਼ਵਿੰਦਰ ਕੁਮਾਰ ਨੇ ਦੱਸਿਆ ਕਿ ਇਸ ਪੁਸਤਕ ਦੇ ਸੰਪਾਦਕੀ ਮੰਡਲ ਸਾਹਮਣੇ ਇਕ ਮੁੱਖ ਉਦੇਸ਼ ਇਸ ਪੁਸਤਕ ਰਾਹੀਂ ਦਰਸ਼ਨ ਵਿਗਿਆਨ, ਸਾਇੰਸ, ਆਰਟਸ, ਮੈਨੇਜਮੈਂਟ, ਕੰਪਿਊਟਰ ਅਤੇ ਕਾਮਰਸ ਦੇ ਖੇਤਰਾਂ ਦੀਆਂ ਚੋਣਵੀਆਂ ਪੁਸਤਕਾਂ ਲਈ ਪੜ੍ਹਣ ਦੀ ਲਲਕ ਪੈਦਾ ਕਰਨਾ ਸੀ। ਅਰਪਿਤ ਗੁਪਤਾ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੋਦੀ ਕਾਲਜ ਦੇ ਵਿਦਿਅਕ ਢਾਂਚੇ ਅਤੇ ਮਿਆਰੀ ਵਿਦਿਅਕ ਪ੍ਰੰਪਰਾਵਾਂ ਦੀ ਤਾਰੀਫ਼ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਬਿਨਾਂ ਕਾਲਜ ਰਜਿਸਟਰਾਰ ਡਾ. ਅਜੀਤ ਕੁਮਾਰ, ਡਾ. ਗਣੇਸ਼ ਸੇਠੀ ਅਤੇ ਡਾ. ਹਰਮੋਹਨ ਸ਼ਰਮਾ ਨੇ ਵੀ ਸਮਾਗਮ 'ਚ ਸ਼ਮੂਲੀਅਤ ਕੀਤੀ।